# ਭੋਲੇ ਦੀ ਬਾਰਾਤ-3

ਗੌਰਾਂ ਨੀ ਲਾੜ੍ਹਾ ਤੇਰਾ, ਮੱਥੇ ਤੇ ਬੰਨ੍ਹਿਆਂ ਸੇਹਰਾ ।
ਗੌਰਾਂ ਨੀ ਲਾੜ੍ਹਾ ਤੇਰਾ, ਮੱਥੇ ਤੇ ਬੰਨ੍ਹਿਆਂ ਸੇਹਰਾ ॥,
ਵੇਖ ਕੇ ਹੈਰਾਨ, ਕਾਇਨਾਤ,,,
ਆਈ ਤੇਰੇ, ਭੋਲੇ ਦੀ ਬਰਾਤ ॥
( ਆਈ ਤੇਰੇ, ਸ਼ੰਕਰ ਦੀ ਬਰਾਤ )

^ਮੱਥੇ ਤੇ ਚੰਨ ਸਜਾਇਆ, ਗਲ਼ ਦੇ ਵਿੱਚ ਫ਼ਨੀਅਰ ਪਾਇਆ,
^ਤਨ ਉੱਤੇ ਰਾਖ ਨੂੰ ਮੱਲ੍ਹ ਕੇ, "ਵੱਖਰਾ ਏਹ ਰੂਪ ਬਣਾਇਆ" ॥
ਇੱਕ ਹੱਥ ਤ੍ਰਿਸ਼ੂਲ ਤੇ ਦੂਜੇ, ਡੰਮ ਡੰਮ ਡੰਮ ਡੰਮਰੂ ਵਜਾਇਆ ।
ਲਾੜ੍ਹਾ ਏਹ ਬੜਾ ਅਨੋਖਾ, ਮਹਿਲੀਂ ਰੰਗ ਚੜ੍ਹਿਆ ਚੋਖ਼ਾ ॥,
ਜੱਗ ਤੋਂ ਨਿਰਾਲੀ, ਏਹਦੀ ਬਾਤ,,,
ਆਈ ਤੇਰੇ, ਭੋਲੇ ਦੀ ਬਰਾਤ ॥
( ਆਈ ਤੇਰੇ, ਸ਼ੰਕਰ ਦੀ ਬਰਾਤ )

^ਘੋੜ੍ਹੀ ਥਾਂ ਬੈਲ ਤੇ ਬਹਿ ਕੇ, ਭੂਤਾਂ ਨੂੰ ਨਾਲ ਓਹ ਲੈ ਕੇ,
^ਰਾਹੂ ਕੇਤੂ ਵੀ ਨੱਚਦੇ, "ਖੁਸ਼ ਨੇ ਭੋਲੇ ਸੰਗ ਰਹਿ ਕੇ" ॥
ਬਣ ਗਏ ਸਭ ਦੇਵਤੇ ਜਾਂਞੀ, ਜੈ ਸ਼ਿਵ ਸ਼ੰਕਰ ਦੀ ਕਹਿ ਕੇ ।
ਗੌਰਾਂ ਨੀ ਤੇਰਾ ਲਾੜ੍ਹਾ, ਗਿੱਠ ਗਿੱਠ ਪਿਆ ਲੰਮਕੇ ਦਾੜ੍ਹਾ ॥,
ਯਹ ਤੋਂ ਹੂਈ ਨਾ, ਕੋਈ ਬਾਤ,,,
ਆਈ ਤੇਰੇ, ਭੋਲੇ ਦੀ ਬਰਾਤ ॥
( ਆਈ ਤੇਰੇ, ਸ਼ੰਕਰ ਦੀ ਬਰਾਤ )

^ਗੌਰਾਂ ਤੈਨੂੰ ਖੁਸ਼ੀਆਂ ਚੜ੍ਹੀਆਂ, ਪਰ ਵੇਖੀ ਪਛਤਾਵੇਂਗੀ,
^ਲੜ ਲੱਗ ਕੇ ਇਸ ਜੋਗੀ ਦੇ, "ਜੋਗਣ ਤੂੰ ਬਣ ਜਾਵੇਂਗੀ" ॥
ਹੈ ਰਾਣੀ ਤੂੰ ਮਹਿਲਾਂ ਦੀ, ਸ਼ਿਵ ਸੰਗ ਕਿੰਝ ਰਹਿ ਪਾਵੇਂਗੀ ।
ਕਹਿੰਦੇ ਮੜ੍ਹੀਆਂ ਦਾ ਵਾਸੀ, ਸੁਣਕੇ ਸਾਡੀ ਨਿੱਕਲੇ ਹਾਸੀ ॥,
ਬੜੀ ਹੀ ਅਜ਼ੀਬ, ਆਈ ਰਾਤ,,,
ਆਈ ਤੇਰੇ, ਭੋਲੇ ਦੀ ਬਰਾਤ ॥
( ਆਈ ਤੇਰੇ, ਸ਼ੰਕਰ ਦੀ ਬਰਾਤ )

^ਗੌਰਾਂ ਸ਼ੰਕਰ ਦੀ ਜੋੜੀ, ਸਭ ਨੂੰ ਹੀ ਲੱਗੇ ਪਿਆਰੀ,
^ਰਾਜੂ ਹਰਿ ਪੁਰੀਆ ਕਹਿੰਦਾ, ਸ਼ਿਵ ਦੀ ਏ ਮਹਿਮਾ ਨਿਆਰੀ ॥
ਹੁੰਦੀ ਏ ਤੀਂਨ ਲੋਕ ਵਿੱਚ, ਜੋੜੀ ਦੀ ਚਰਚਾ ਭਾਰੀ ।
ਗਾਉਂਦਾ ਏਹ ਸਲੀਮ ਵਿਆਹ ਜੀ, ਲੈ ਦਿਲ ਵਿੱਚ ਰੀਝਾਂ ਚਾਅ ਜੀ ॥,
ਰਹਿਮਤ ਦੀ ਹੋਈ, ਬਰਸਾਤ,,,
ਆਈ ਤੇਰੇ, ਭੋਲੇ ਦੀ ਬਰਾਤ ॥
( ਆਈ ਤੇਰੇ, ਸ਼ੰਕਰ ਦੀ ਬਰਾਤ )

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/26263/title/Bhole-di-baraat-3

अपने Android मोबाइल पर BhajanGanga App डाउनलोड करें और भजनों का आनंद ले |